# ਨਵਲੀ ਪਾਠ ਦੀ ਵਿਰਚਨਾਤਮਕ ਪੜ੍ਹਤ : ਪ੍ਰਸੰਗ ਕੌਰਵ ਸਭਾ

ਅਮਰਜੀਤ ਸਿੰਘ ਗਰੇਵਾਲ ਪੰਜਾਬੀ ਦੇ ਉਨ੍ਹਾਂ ਗਿਣੇ-ਚੁਣੇ ਪ੍ਰਬੁੱਧ ਲੇਖਕਾਂ ਵਿਚੋਂ ਹੈ ਜਿਨ੍ਹਾਂ ਨੇ ਪੰਜਾਬੀ ਸਾਹਿਤ-ਸਭਿਆਚਾਰ ਨੂੰ ਸਮਕਾਲੀ ਵਿਸ਼ਵ ਚਿੰਤਨ ਦੇ ਪਰਿਪੇਖ ਵਿਚ ਰੱਖ ਕੇ ਵਾਚਣ ਦਾ ਉਪਰਾਲਾ ਕੀਤਾ ਹੈ। ਉਸਦੀ ਆਲੋਚਨਾ ਦ੍ਰਿਸ਼ਟੀ ਅਜੋਕੇ ਦੌਰ ਵਿਚ ਵਿਕਸਿਤ ਹੋ ਰਹੇ ਉਸ ਨਵੇਂ ਗਿਆਨ-ਸ਼ਾਸਤਰ ਤੋਂ ਪ੍ਰਭਾਵਿਤ ਹੈ ਜਿਸਨੂੰ ਉਸਾਰਨ ਵਿਚ ਉੱਤਰ-ਸੰਰਚਨਾਵਾਦ, ਨਵ-ਮਾਰਕਸਵਾਦ ਅਤੇ ਉੱਤਰ-ਆਧੁਨਿਕਵਾਦ ਨੇ ਵਿਸ਼ੇਸ਼ ਯੋਗਦਾਨ ਦਿੱਤਾ ਹੈ। ਚਿੰਤਨ ਅਤੇ ਚੇਤਨਾ ਦੀਆਂ ਇਨ੍ਹਾਂ ਵਿਸ਼ਵ-ਵਿਆਪੀ ਬੌਧਿਕ ਲਹਿਰਾਂ ਨੇ ਮਨੁੱਖ ਦੇ ਯਥਾਰਥ-ਬੋਧ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਸਗੋਂ ਸਾਮਾਜਿਕ ਵਰਤਾਰੇ ਅਤੇ ਵਿਹਾਰ ਬਾਰੇ ਵੀ ਨਵੀਂ ਸਮਝ ਅਤੇ ਸੂਝ ਵਿਕਸਿਤ ਕਰਨ ਦਾ ਉਪਰਾਲਾ ਕੀਤਾ ਹੈ। ਇਸ ਪੱਖੋਂ ਅਮਰਜੀਤ ਸਿੰਘ ਗਰੇਵਾਲ ਦੇ ਆਲੋਚਨਾਤਮਕ ਅਭਿਆਸ ਦਾ ਪਹਿਲਾ ਗੰਭੀਰ ਪ੍ਰਗਟਾਵਾ **ਵਿਸਮਾਦ ਨਾਦ** ਵਿਸ਼ੇਸ਼ ਅੰਕ (1994) ਵਿਚ ਪ੍ਰਕਾਸ਼ਿਤ ਉਸਦੇ ਮਹੱਤਵਪੂਰਣ ਖੋਜ-ਨਿਬੰਧ **ਇੱਕੀਵੀਂ ਸਦੀ ਦੇ ਮਾਨਵ ਅਤੇ ਸਮਾਜ ਦੀ ਸਿਰਜਣਾ ਲਈ ਗੁਰੂ ਗ੍ਰੰਥ ਸਾਹਿਬ ਦੀ ਪ੍ਰਾਸੰਗਿਕਤਾ** ਦੇ ਮਾਧਿਅਮ ਰਾਹੀਂ ਸਾਮ੍ਹਣੇ ਆਇਆ। ਸੌ ਸਫ਼ਿਆਂ ਦੇ ਇਸ ਬਹੁ-ਚਰਚਿਤ ਖੋਜ-ਨਿਬੰਧ ਵਿਚ ਉਸ ਨੇ ਸਿੱਖ ਵਿਰਸੇ ਦੀ ਪਾਵਨ ਟੈਕਸਟ - ਗੁਰਬਾਣੀ - ਨੂੰ ਵਰਤਮਾਨ ਦੀਆਂ ਚੁਣੌਤੀਆਂ ਅਤੇ ਨਵੇਂ ਗਿਆਨ ਸ਼ਾਸਤਰ ਦੀ ਰੌਸ਼ਨੀ ਵਿਚ ਪੜ੍ਹਨ ਦਾ ਉਪਰਾਲਾ ਕੀਤਾ ਹੈ। ਇਹ ਖੋਜ-ਨਿਬੰਧ ਮੱਧਕਾਲੀ ਪਾਠ ਨੂੰ ਵਰਤਮਾਨ ਵਿਚ ਪ੍ਰਾਸੰਗਿਕ ਬਣਾਉਣ ਦੇ ਨਾਲ ਨਾਲ ਅਜੋਕੇ ਦੌਰ ਵਿਚ ਉੱਸਰ ਰਹੀ ਉੱਤਰ-ਪੂੰਜੀਵਾਦੀ ਵਿਸ਼ਵ-ਵਿਵਸਥਾ ਦੇ ਸੰਕਟ ਨੂੰ ਵੀ ਉਭਾਰਦਾ ਹੈ। ਇਥੇ ਇਸ ਸੰਕਟ ਦੀ ਨਿਸ਼ਾਨਦੇਹੀ ਪਾਰ-ਰਾਸ਼ਟਰੀ ਸਰਮਾਏ ਦੀ ਬੇਰੋਕ ਪੇਸ਼ਕਦਮੀ, ਵਿਸ਼ਵੀਕਰਣ ਅਤੇ ਵਪਾਰੀਕਰਣ ਦੀਆਂ ਪ੍ਰਚੰਡ ਹੋ ਰਹੀਆਂ ਸਰਗਰਮੀਆਂ, ਖਪਤ-ਸਭਿਆਚਾਰ ਦੇ ਦਿਨੋ ਦਿਨ ਵਧ ਰਹੇ ਪ੍ਰਭਾਵ ਅਤੇ ਮਨੁੱਖੀ ਰਿਸ਼ਤਿਆਂ ਵਿਚ ਆ ਰਹੇ ਪਰਿਵਰਤਨ ਦੇ ਹਵਾਲੇ ਨਾਲ ਕੀਤੀ ਗਈ ਹੈ। ਇਸ ਤਰ੍ਹਾਂ ਇਹ ਨਿਬੰਧ ਆਲੋਚਨਾ-ਵਿਧੀ ਅਤੇ ਵਿਸ਼ਲੇਸ਼ਣ, ਦੋਹਾਂ ਪੱਖਾਂ ਤੋਂ ਮਹੱਤਵਪੂਰਣ ਸਿੱਧ ਹੁੰਦਾ ਹੈ। ਇਹੀ ਕਾਰਣ ਹੈ ਕਿ ਪੰਜਾਬੀ ਦੇ ਅਕਾਦਮਿਕ ਹਲਕਿਆਂ ਵਿਚ ਇਸ ਨਿਬੰਧ ਨੂੰ ਭਰਪੂਰ ਹੁੰਘਾਰਾ ਪ੍ਰਾਪਤ ਹੋਇਆ।

ਇਸ ਤੋਂ ਉਪਰੰਤ ਅਮਰਜੀਤ ਸਿੰਘ ਗਰੇਵਾਲ ਦੀਆਂ ਆਲੋਚਨਾਤਮਕ ਸਰਗਰਮੀਆਂ ਦਾ ਦਾਇਰਾ ਨਿਰੰਤਰ ਫੈਲਦਾ ਗਿਆ ਜਿਸਦੇ ਫਲਰੂਪ ਸਮਕਾਲੀ ਸਾਹਿਤ, ਸਭਿਆਚਾਰ, ਆਰਥਕਤਾ ਅਤੇ ਰਾਜਨੀਤੀ ਵਰਗੇ ਵਿਭਿੰਨ ਵਿਸ਼ਿਆਂ ਬਾਰੇ ਉਸਦੀਆਂ ਕਈ ਮਹੱਤਵਪੂਰਣ ਲਿਖਤਾਂ ਪ੍ਰਕਾਸ਼ਿਤ ਹੋਈਆਂ। ਇਹ ਲਿਖਤਾਂ ਵਿਭਿੰਨ ਮਸਲਿਆਂ ਤੇ ਸਰੋਕਾਰਾਂ ਦੇ ਹਵਾਲੇ ਨਾਲ ਉਸਦੀ ਵਿਲੱਖਣ ਆਲੋਚਨਾ-ਦ੍ਰਿਸ਼ਟੀ ਅਤੇ ਤਿੱਖੀ ਸੂਝ ਨੂੰ ਹੀ ਪ੍ਰਮਾਣਿਤ ਕਰਦੀਆਂ ਹਨ।

**ਪ੍ਰਸੰਗ ਕੌਰਵ ਸਭਾ** ਪੰਜਾਬੀ ਦੇ ਇਸ ਪ੍ਰਤਿਭਾਵਾਨ ਲੇਖਕ ਦੀ ਨਵ-ਪ੍ਰਕਾਸ਼ਿਤ ਆਲੋਚਨਾ-ਪੁਸਤਕ ਹੈ। ਵਿੱਲਖਣ ਵਿਧੀ ਅਤੇ ਅਨੋਖੇ ਅੰਦਾਜ਼ ਵਿਚ ਲਿਖੀ ਗਈ ਇਹ ਪੁਸਤਕ ਮਿੱਤਰ ਸੈਨ ਮੀਤ ਦੇ ਚਰਚਿਤ ਨਾਵਲ ਕੌਰਵ ਸਭਾ ਨੂੰ ਆਪਣੇ ਅਧਿਐਨ ਦਾ ਆਧਾਰ ਬਣਾਉਂਦੀ ਹੈ ਅਤੇ ਇਸਦੇ ਵਿਸ਼ੈਗਤ ਸਰੋਕਾਰਾਂ ਨਾਲ ਸੰਵਾਦ ਰਚਾਉਂਦੀ ਹੈ। ਇਸਦੀ ਮੁੱਢਲੀ ਵਿਸ਼ੇਸ਼ਤਾ ਇਹ ਹੈ ਕਿ ਨਾ ਤਾਂ ਇਹ ਨਾਵਲੀ ਸਮੀਖਿਆ ਦੀ ਪਰੰਪਰਕ ਵਿਧੀ

ਅਨੁਸਾਰ ਲਿਖੀ ਗਈ ਹੈ ਅਤੇ ਨਾ ਹੀ ਇਸਦਾ ਮਕਸਦ ਇਸ ਨਾਵਲ ਦੀਆਂ ਬਿਰਤਾਂਤ-ਸ਼ਾਸਤਰੀ ਵਿਲੱਖਣਤਾਵਾਂ ਦਾ ਲੇਖਾ-ਜੋਖਾ ਪੇਸ਼ ਕਰਨਾ ਹੈ। ਅਸਲ ਵਿਚ ਇਸਦਾ ਮੁੱਖ ਸਰੋਕਾਰ ਕੌਰਵ ਸਭਾ ਨਾਵਲ ਦੇ ਪਾਠ ਨਾਲ ਉਤਨਾ ਨਹੀਂ ਜਿਤਨਾ ਪ੍ਰਸੰਗ ਨਾਲ ਹੈ। ਇਹ ਪੁਸਤਕ ਨਾਵਲੀ ਪਾਠ ਦੇ ਉਸ ਰਚਨਾ-ਪ੍ਰਸੰਗ ਦਾ ਵਿਸ਼ਲੇਸ਼ਣ ਪੇਸ਼ ਕਰਨ ਵਲ ਰੁਚਿਤ ਹੁੰਦੀ ਹੈ ਜੋ ਪੰਜਾਬ ਦੇ ਸਮਕਾਲੀ ਯਥਾਰਥ ਦੀ ਪ੍ਰਤਿਨਿਧਤਾ ਵੀ ਕਰਦਾ ਹੈ। ਇਸ ਤਰ੍ਹਾਂ ਕੌਰਵ ਸਭਾ ਦਾ ਨਾਵਲੀ ਬਿਰਤਾਂਤ ਅਮਰਜੀਤ ਸਿੰਘ ਗਰੇਵਾਲ ਲਈ ਸਮਾਜ-ਸਭਿਆਚਾਰ ਦੇ ਵਿਸ਼ਲੇਸ਼ਣ ਅਤੇ ਸਿੱਧਾਂਤੀਕਰਣ ਦਾ ਸਿਰਫ਼ ਹਵਾਲਾ-ਬਿੰਦੂ ਬਣਦਾ ਹੈ ਪਹੁੰਚ-ਬਿੰਦੂ ਨਹੀਂ।

ਸੱਭ ਤੋਂ ਪਹਿਲਾਂ ਮਿੱਤਰ ਸੈਨ ਮੀਤ ਦੇ ਨਾਵਲ **ਕੌਰਵ ਸਭਾ** ਬਾਰੇ ਗੱਲ ਕਰਨੀ ਬਣਦੀ ਹੈ। ਮੌਜੂਦਾ ਨਿਆਂ ਪ੍ਰਣਾਲੀ ਨੂੰ ਕੇਂਦਰ ਵਿਚ ਰੱਖ ਕੇ ਸਿਰਜਿਆ ਗਿਆ ਇਹ ਨਾਵਲ, ਆਲੋਚਨਾਤਮਕ ਯਥਾਰਥਵਾਦ ਦੀ ਪ੍ਰਾਮਾਣਿਕ ਵਿਧੀ ਅਤੇ ਨਾਇਕ-ਵਿਹੂਣੇ ਦਸਤਾਵੇਜ਼ੀ ਬਿਰਤਾਂਤ ਰਾਹੀਂ, ਪੰਜਾਬ ਦੀ ਵਰਤਮਾਨ ਸਮਾਜਕ, ਆਰਥਕ ਅਤੇ ਰਾਜਨੀਤਕ ਵਿਵਸਥਾ ਦਾ ਭਰਵਾਂ ਬਿੰਬ ਉਸਾਰਦਾ ਹੈ। ਇਸਦੀ ਬਿਰਤਾਂਤ ਸ਼ੈਲੀ ਘਟਨਾਵਾਂ ਅਤੇ ਸਥਿਤੀਆਂ ਦਾ ਵਿਸਤ੍ਰਿਤ ਵੇਰਵਾ ਪੇਸ਼ ਕਰਦੀ ਹੋਈ ਯਥਾਰਥ ਦੀ ਵਰਤਮਾਨ ਹਕੀਕਤ ਨੂੰ ਮੂਰਤੀਮਾਨ ਕਰਨ ਵਲ ਰੁਚਿਤ ਹੁੰਦੀ ਹੈ। ਇਕ ਤਰ੍ਹਾਂ ਨਾਲ ਯਥਾਰਥ ਦੀ ਵਰਤਮਾਨ ਹਕੀਕਤ ਕੌਰਵ ਸਭਾ ਨਾਵਲ ਦਾ ਉਹ ਪ੍ਰਸੰਗ ਹੈ ਜੋ ਇਸਦੇ ਆਰ-ਪਾਰ ਫੈਲਿਆ ਹੋਇਆ ਹੈ ਅਤੇ ਜਿਸਦੇ ਮਾਧਿਅਮ ਰਾਹੀਂ ਇਹ ਨਾਵਲ ਅਰਥ-ਸਾਰਥਕਤਾ ਗ੍ਰਹਿਣ ਕਰਦਾ ਹੈ। ਅਮਰਜੀਤ ਸਿੰਘ ਗਰੇਵਾਲ ਨੇ ਆਪਣੀ ਆਲੋਚਨਾ ਪੁਸਤਕ **ਪ੍ਰਸੰਗ ਕੌਰਵ ਸਭਾ** ਵਿਚ ਇਸੇ ਪ੍ਰਸੰਗ ਨਾਲ ਅਧਿਐਨ ਤੇ ਵਿਸ਼ਲੇਸ਼ਣ ਦਾ ਸਰੋਕਾਰ ਜੋੜਿਆ ਹੈ। ਉਹ ਇਸ ਨਾਵਲੀ ਬਿਰਤਾਂਤ ਦੇ ਹਵਾਲੇ ਨਾਲ ਸਮਕਾਲੀ ਯਥਾਰਥ ਦੇ ਰਾਜਨੀਤਕ ਅਵਚੇਤਨ ਨੂੰ ਫਰੋਲਣ ਵਲ ਰੁਚਿਤ ਹੁੰਦਾ ਹੈ। ਇਸ ਤਰ੍ਹਾਂ ਉਸਦੇ ਸਾਮ੍ਹਣੇ ਪ੍ਰਸੰਗ ਤਾਂ ਕੌਰਵ ਸਭਾ ਦਾ ਹੈ ਪਰ ਉੱਦੇਸ਼ ਸਮਕਾਲੀ ਯਥਾਰਥ ਦਾ ਵਿਸ਼ਲੇਸ਼ਣ ਹੈ। ਇਸ ਗੱਲ ਦਾ ਮੁੱਢਲਾ ਅਹਿਸਾਸ ਸਾਨੂੰ ਪੁਸਤਕ ਦੀ ਨਿਮਨ-ਅੰਕਿਤ ਵਿਸ਼ੈ-ਸੂਚੀ ਜਾਂ ਤਰਤੀਬ ਤੋਂ ਵੀ ਸਹਿਜੇ ਹੀ ਹੋ ਜਾਂਦਾ ਹੈ :

- ਨਿਆਂ ਦੀ ਰਾਜਨੀਤੀ –
- ਸਿਹਤ ਦੀ ਰਾਜਨੀਤੀ –
- ਵਿਕਾਸ ਦੀ ਰਾਜਨੀਤੀ –
- ਸਮਾਜਕ ਤਬਦੀਲੀ ਦੀ ਰਾਜਨੀਤੀ –
- ਬਹੁਵਾਦੀ ਜਮਹੂਰੀਅਤ ਦੀ ਕ੍ਰਾਂਤੀਕਾਰੀ ਲਹਿਰ –

ਵਿਸ਼ਲੇਸ਼ਣ ਦੇ ਇਹ ਮੁੱਦੇ ਨਾਵਲੀ ਪਾਠ ਦੇ ਪ੍ਰਸੰਗ ਨਾਲ ਜੁੜੇ ਹੋਏ ਹਨ। ਅਰਥਾਤ ਲੇਖਕ ਨੇ ਆਪਣੀ ਆਲੋਚਨਾਤਮਕ ਸੂਝ ਰਾਹੀਂ ਇਹ ਮੁੱਦੇ ਨਾਵਲੀ ਬਿਰਤਾਂਤ ਵਿਚੋਂ ਹੀ ਨਿਖੇੜੇ ਹਨ ਅਤੇ ਇਨ੍ਹਾਂ ਨੂੰ ਹੀ ਉਸ ਨੇ ਆਪਣੀ ਵਿਰਚਨਾਤਮਕ ਪੜ੍ਹਤ ਦਾ ਆਧਾਰ ਬਣਾਇਆ ਹੈ। ਜੇ ਗਹਿਰਾਈ ਨਾਲ ਦੇਖਿਆ ਜਾਵੇ ਤਾਂ ਪਾਠ ਨਾਲੋਂ ਪ੍ਰਸੰਗ ਉੱਤੇ ਵਧੇਰੇ ਧਿਆਨ ਕੇਂਦ੍ਰਿਤ ਕਰਨਾ ਇਸ ਪੁਸਤਕ ਦੀ ਆਲੋਚਨਾਤਮਕ ਸਟ੍ਰੈਟਿਜੀ ਹੈ। ਇਸ ਸਟ੍ਰੈਟਿਜੀ ਦਾ ਅੰਤਿਮ ਉੱਦੇਸ਼ ਨਾਵਲ ਦਾ ਆਲੋਚਨਾਤਮਕ ਅਧਿਐਨ ਤੇ ਵਿਸ਼ਲੇਸ਼ਣ ਕਰਨਾ ਨਹੀਂ ਸਗੋਂ ਇਸਦੇ ਮਾਧਿਅਮ ਰਾਹੀਂ ਮੂਰਤੀਮਾਨ ਹੋਣ ਵਾਲੀ ਵਰਤਮਾਨ ਵਿਵਸਥਾ ਅਤੇ ਸਾਮਾਜਿਕ-ਆਰਥਕ ਬਣਤਰ ਨੂੰ ਵਿਖੰਡਿਤ –

ਡੀਕੰਸਟ੍ਰਕਟ - ਕਰਨਾ ਹੈ। ਪੁਸਤਕ ਦੇ ਨਿਮਨ-ਅੰਕਿਤ ਪਹਿਲੇ ਦੋ ਪੈਰਿਆਂ ਵਿਚ ਹੀ ਲੇਖਕ ਨੇ ਆਪਣੀ ਇਸ ਆਲੋਚਨਾਤਮਕ ਸਟ੍ਰੈਟਿਜੀ ਅਤੇ ਉੱਦੇਸ਼ ਨੂੰ ਪ੍ਰਤੱਖ ਕਰ ਦਿੱਤਾ ਹੈ -

"ਮੌਜੂਦਾ ਨਿਆਂ ਪ੍ਰਣਾਲੀ ਵਿਚ ਫੈਲੀ ਰਿਸ਼ਵਤਖੋਰੀ, ਮੌਕਾ-ਪ੍ਰਸਤੀ, ਅਨੈਤਿਕਤਾ ਆਦਿ ਨੂੰ ਤਾਂ ਹਰ ਕੋਈ ਦੇਖ ਰਿਹਾ ਹੈ। ਜੇ ਕਰ ਇਸ ਨਾਵਲ ਕੌਰਵ ਸਭਾ ਵਿਚ ਮਿੱਤਰ ਸੈਨ ਮੀਤ ਨੇ ਵਧੇਰੇ ਡੂੰਘਾਈ ਅਤੇ ਵਿਸਤਾਰ ਵਿਚ ਦੇਖ ਲਿਆ ਤਾਂ ਕਿਹੜੀ ਵੱਡੀ ਗੱਲ ਹੈ। ਪਰ ਜਿਸ ਢੰਗ ਰਾਹੀਂ ਮਿੱਤਰ ਸੈਨ ਮੀਤ ਇਸ ਨਿਆਂ ਪ੍ਰਣਾਲੀ ਦੇ ਬਿਊਰੋਕਰੈਟਿਕ ਢਾਂਚੇ ਨੂੰ ਨੰਗਿਆਂ ਕਰਕੇ ਇਸਦੇ ਪੂੰਜੀਵਾਦੀ ਕਿਰਦਾਰ ਨੂੰ ਸਾਡੇ ਸੱਭ ਦੇ ਸਾਮ੍ਹਣੇ ਪੇਸ਼ ਕਰ ਦਿੰਦਾ ਹੈ, ਇਹੀ ਉਸਦੀ ਕਥਾਕਾਰੀ ਦਾ ਅਸਲੀ ਕਮਾਲ ਹੈ। ਮਿੱਤਰ ਸੈਨ ਮੀਤ ਦਾ ਕਮਾਲ ਇਸ ਨਿਆਂ ਪ੍ਰਣਾਲੀ ਵਿਚ ਫੈਲੀ ਰਿਸ਼ਵਤਖੋਰੀ, ਮੌਕਾ-ਪ੍ਰਸਤੀ, ਅਨੈਤਿਕਤਾ, ਧੱਕੇਸ਼ਾਹੀ ਆਦਿ ਨੂੰ ਨੰਗਿਆਂ ਕਰਨ ਵਿਚ ਨਹੀਂ; ਇਸਦੇ ਪੂੰਜੀਵਾਦੀ ਕਿਰਦਾਰ ਨੂੰ ਸਮਝਣ ਵਿਚ ਹੈ।

ਇਹ ਨਾਵਲ ਪੜ੍ਹ ਕੇ ਜੋ ਸੱਭ ਤੋਂ ਮਹੱਤਵਪੂਰਣ ਗੱਲ ਖਾਨੇ ਪੈਂਦੀ ਹੈ ਉਹ ਇਹ ਕਿ ਮੌਜੂਦਾ ਨਿਆਂ ਪ੍ਰਣਾਲੀ, ਜਿਵੇਂ ਕਿ ਮਿੱਤਰ ਸੈਨ ਮੀਤ ਇਸਨੂੰ ਪੇਸ਼ ਕਰਦਾ ਹੈ, ਕਿਸੇ ਨਿਆਂ ਪ੍ਰਣਾਲੀ ਦਾ ਨਹੀਂ, ਸਗੋਂ ਕਾਨੂੰਨ ਦੀ ਬਿਊਰੋਕਰੇਸੀ ਦਾ ਨਾਮ ਹੈ ਜੋ ਪ੍ਰਮੁੱਖ ਤੌਰ ਤੇ ਤਫ਼ਤੀਸ਼ (ਇਨਕੁਆਰੀ), ਸ਼ਹਾਦਤ (ਐਵੀਡੈਂਸ), ਨਿਰੀਖਣ (ਇਗ਼ਜ਼ਾਮੀਨੇਸ਼ਨ), ਲਿਖਤੀ ਕਾਨੂੰਨ ਅਤੇ ਜਜਮੈਂਟ ਉੱਪਰ ਆਧਾਰਿਤ ਹੈ। ਪਰ ਇਹ ਹਮੇਸ਼ਾਂ ਇਸ ਤਰ੍ਹਾਂ ਨਹੀਂ ਸੀ ਹੁੰਦੀ। ਇਸਦੀ ਪੂੰਜੀਵਾਦੀ ਲੋੜਾਂ ਅਨੁਸਾਰ ਇਤਿਹਾਸ ਰਾਹੀਂ ਸਿਰਜਣਾ ਹੋਈ ਹੈ।" (ਪੰਨਾ - 7)

ਅਮਰਜੀਤ ਸਿੰਘ ਗਰੇਵਾਲ ਨੇ ਮੌਜੂਦਾ ਨਿਆਂ ਪ੍ਰਣਾਲੀ ਦੇ ਸਰਮਾਇਦਾਰੀ ਕਿਰਦਾਰ ਅਤੇ ਇਸਦੇ ਬਸਤੀਵਾਦੀ ਪਿਛੋਕੜ ਦੀ ਨਿਸ਼ਾਨਦੇਹੀ ਕਰਦਿਆਂ, ਮਿਸ਼ੇਲ ਫੂਕੋ ਅਤੇ ਅਲਥੂਸਰ ਵਰਗੇ ਸਮਕਾਲੀ ਚਿੰਤਕਾਂ ਦੀਆਂ ਲਿਖਤਾਂ ਦੇ ਹਵਾਲੇ ਨਾਲ, ਇਸਦਾ ਜੋ ਵਿਵੇਚਨ ਪੇਸ਼ ਕੀਤਾ ਹੈ ਉਹ ਨਿਸ਼ਚੇ ਹੀ ਵਿਵੇਕਪੂਰਣ ਅਤੇ ਪ੍ਰਭਾਵਸ਼ਾਲੀ ਹੈ। ਉਸ ਨੇ ਮੱਧਕਾਲੀ ਭਾਈਚਾਰਕ ਕਚਹਿਰੀ ਜਾਂ ਪੰਚਾਇਤੀ ਫੈਸਲੇ ਦੀ ਦੇਸੀ ਪਰੰਪਰਾ ਦੇ ਮੁਕਾਬਲੇ ਤੇ ਇਸ ਆਧੁਨਿਕ ਨਿਆਂ-ਪ੍ਰਬੰਧ ਦੀਆਂ ਅੰਦਰੂਨੀ ਖ਼ਾਮੀਆਂ ਨੂੰ ਬੜੀ ਖ਼ੂਬੀ ਨਾਲ ਉਘਾੜਿਆ ਹੈ। ਵਰਤਮਾਨ ਵਿਚ ਪ੍ਰਚੱਲਤ ਇਸ ਅਖੌਤੀ ਆਧੁਨਿਕ ਨਿਆਂ ਪ੍ਰਣਾਲੀ ਦੇ ਬਸਤੀਵਾਦੀ ਪਿਛੋਕੜ ਬਾਰੇ ਉਸਦਾ ਇਹ ਕਥਨ ਵਿਸ਼ੇਸ਼ ਤੌਰ ਤੇ ਧਿਆਨਯੋਗ ਹੈ :

"ਸਮਾਜ ਉਪਰ ਨਿਆਂ ਪ੍ਰਣਾਲੀ ਦਾ ਕੰਟਰੋਲ ਅਤੇ ਨਿਆਂ ਪ੍ਰਣਾਲੀ ਉਪਰ ਸਟੇਟ ਦਾ ਕੰਟਰੋਲ, ਇਹ ਸੀ ਆਧੁਨਿਕ ਨਿਆਂ ਪ੍ਰਣਾਲੀ ਦਾ ਮੂਲ ਉਦੇਸ਼ ਜਿਸਨੂੰ ਸਾਮ੍ਹਣੇ ਰੱਖ ਕੇ ਅੰਗ੍ਰੇਜ਼ੀ ਸਾਮਰਾਜ ਨੇ ਇਸਨੂੰ ਭਾਰਤ ਵਿਚ ਲਾਗੂ ਕੀਤਾ ਤਾਂ ਜੋ ਭਾਰਤੀ ਸਮਾਜ ਉਪਰ ਸਾਮਰਾਜੀ ਸਟੇਟ ਦਾ ਦਬਦਬਾ ਅਤੇ ਪਕੜ ਮਜ਼ਬੂਤ ਕੀਤੇ ਜਾ ਸਕਣ। ਭਾਰਤ ਦੀਆਂ ਭਾਈਚਾਰਕ ਪਰੰਪਰਾਵਾਂ / ਸੰਸਥਾਵਾਂ ਨੂੰ ਉਨ੍ਹਾਂ ਦੇ ਆਰਥਕ ਅਤੇ ਰਾਜਨੀਤਕ ਉਦੇਸ਼ਾਂ / ਪ੍ਰਕਾਰਜਾਂ ਨਾਲੋਂ ਤੋੜ ਕੇ ਕਮਜ਼ੋਰ ਕਰਨਾ . . . ਅੰਗ੍ਰੇਜ਼ੀ ਸਾਮਰਾਜ ਦੀ ਪ੍ਰਮੁੱਖ ਪਾਲਿਸੀ ਸੀ।" (ਪੰਨਾ - 19)

ਤਾਂ ਵੀ ਉਹ ਭਾਈਚਾਰਕ ਕਚਹਿਰੀ ਦੇ ਮੁਕਾਬਲੇ ਤੇ ਆਧੁਨਿਕ ਕਚਹਿਰੀ ਦੀ ਨਿਰੋਲ ਨਿੰਦਿਆ ਨਹੀਂ ਕਰਦਾ ਸਗੋਂ ਇਸਦੇ ਇਤਿਹਾਸਕ ਵਿਕਾਸ ਨੂੰ ਸਹੀ ਪਰਿਪੇਖ ਵਿਚ ਰੱਖ ਕੇ ਵਾਚਣ ਵਲ ਰੁਚਿਤ ਹੁੰਦਾ। ਉਹ ਆਖਦਾ ਹੈ ਕਿ "ਮੇਰਾ ਮਕਸਦ ਏਥੇ ਕਮਿਊਨੀਕੇਟਿਵ ਰੀਜ਼ਨ ਉਪਰ ਉਸਰੀ ਭਾਈਚਾਰਕ ਕਚਹਿਰੀ ਦੇ ਗੁਣ ਗਾਣ ਕਰਨਾ ਜਾਂ ਇਨਸਟਰੂਮੈਂਟਲ ਰੀਜ਼ਨ ਉਪਰ ਉਸਰੀ ਆਧੁਨਿਕ ਕਚਹਿਰੀ ਨੂੰ ਗਾਲਾਂ ਕੱਢਣ ਦਾ ਨਹੀਂ।

ਮੇਰਾ ਮਕਸਦ ਤਾਂ ਉਨ੍ਹਾਂ ਹਿੱਤਾਂ ਦੀ ਨਿਸ਼ਾਨਦੇਹੀ ਕਰਨ ਦਾ ਹੈ ਜਿਨ੍ਹਾਂ ਹਿੱਤਾਂ ਦੀ ਪੂਰਤੀ ਲਈ ਭਾਈਚਾਰਕ ਕਚਹਿਰੀ ਆਧੁਨਿਕ ਕਚਹਿਰੀ ਵਿਚ ਰੂਪਾਂਤ੍ਰਿਤ ਹੁੰਦੀ ਹੈ। ਉਨ੍ਹਾਂ ਇਤਿਹਾਸਕ ਪ੍ਰਸਥਿਤੀਆਂ ਨੂੰ ਸਮਝਣ ਦਾ ਹੈ ਜਿਨ੍ਹਾਂ ਪ੍ਰਸਥਿਤੀਆਂ ਅਧੀਨ ਇਨਸਟਰੂਮੈਂਟਲ ਰੀਜ਼ਨ ਉਪਰ ਆਧਾਰਿਤ ਕਚਹਿਰੀ ਦਾ ਉਦਭਵ ਅਤੇ ਵਿਕਾਸ ਹੁੰਦਾ ਹੈ।" (ਪੰਨਾ - 9-10)

ਇਸੇ ਤਰ੍ਹਾਂ ਲੇਖਕ ਨੇ ਮੌਜੂਦਾ ਨਿਆਂ ਪ੍ਰਣਾਲੀ ਦੇ ਪਿਛੋਕੜ ਵਿਚ ਕੰਮ ਕਰ ਰਹੀ ਉਸ ਸਿਆਸਤ ਨੂੰ ਸਮੁੱਚੀ ਵਿਵਸਥਾ ਦੀ ਲਾ-ਇਲਾਜ ਬਿਮਾਰੀ ਜਾਂ ਖ਼ਰਾਬੀ ਦੇ ਲੱਛਣ ਵਜੋਂ ਉਘਾੜਨ ਦਾ ਜਤਨ ਕੀਤਾ ਹੈ ਜੋ ਭ੍ਰਿਸ਼ਟ ਅਫ਼ਸਰਸ਼ਾਹੀ ਜਾਂ ਬਿਊਰੋਕਰੇਸੀ ਦੇ ਹਿੱਤਾਂ ਦੀ ਪੂਰਤੀ ਕਰਦੀ ਹੈ। ਅਜਿਹੀ ਸਥਿਤੀ ਵਿਚ ਉਸਦੀ ਆਲੋਚਨਾ-ਵਿਧੀ ਨਾਵਲੀ ਟੈਕਸਟ ਦੀ ਲਾਕਸ਼ਣਿਕ ਪੜ੍ਹਤ - symptomatic reading - ਦਾ ਰੂਪ ਧਾਰ ਲੈਂਦੀ ਹੈ। ਲੇਖਕ ਨੇ ਬਿਊਰੋਕਰੇਟਿਕ ਢਾਂਚੇ ਉਪਰ ਉੱਸਰੀ ਇਸ ਨਿਆਂ ਪ੍ਰਣਾਲੀ ਨੂੰ ਲੋਕਰਾਜੀ ਕਦਰਾਂ-ਕੀਮਤਾਂ ਅਤੇ ਸਾਮਾਜਿਕ ਆਰਥਕ ਵਿਕਾਸ ਦੇ ਰਸਤੇ ਦੀ ਸੱਭ ਤੋਂ ਵੱਡੀ ਰੁਕਾਵਟ ਆਖਿਆ ਹੈ। ਇਸ ਗੱਲ ਦਾ ਪ੍ਰਮਾਣ ਉਸ ਨੇ ਨਾਵਲੀ ਬਿਰਤਾਂਤ ਦੇ ਹਵਾਲੇ ਨਾਲ ਪੇਸ਼ ਕੀਤਾ ਹੈ। ਦਿਲਚਸਪ ਗੱਲ ਇਹ ਹੈ ਕਿ ਮਿੱਤਰ ਸੈਨ ਮੀਤ ਦਾ ਨਾਵਲ ਵਰਣਨ ਅਤੇ ਬਿਰਤਾਂਤ ਦੀ ਜੁਗਤ ਰਾਹੀਂ ਸਾਡੇ ਜਾਣੇ ਪਛਾਣੇ ਸਮਕਾਲੀ ਯਥਾਰਥ ਦਾ ਅਜਨਬੀਕ੍ਰਿਤ ਰੂਪ ਹੀ ਪੇਸ਼ ਕਰਦਾ ਹੈ। ਅਮਰਜੀਤ ਸਿੰਘ ਗਰੇਵਾਲ ਆਪਣੀ ਆਲੋਚਨਾ ਦ੍ਰਿਸ਼ਟੀ ਰਾਹੀਂ ਇਸ ਅਜਨਬੀਕ੍ਰਿਤ ਰੂਪ ਵਿਚੋਂ ਯਥਾਰਥ ਦੀ ਵਾਸਤਵਿਕਤਾ ਨੂੰ ਸਹਿਜੇ ਹੀ ਪਛਾਣ ਲੈਂਦਾ ਹੈ ਅਤੇ ਉਸੇ ਨੂੰ ਆਪਣੇ ਸਿੱਧਾਂਤੀਕਰਣ ਦਾ ਮੂਲ ਆਧਾਰ ਬਣਾਉਂਦਾ ਹੈ।

ਇਸੇ ਤਰ੍ਹਾਂ ਲੇਖਕ ਨੇ ਨਾਵਲੀ ਬਿਰਤਾਂਤ ਦੀ ਅਰਥ-ਸਾਰਥਕਤਾ ਦਾ ਸਿਰਜਣ ਵਾਲੇ ਹੋਰਨਾਂ ਪ੍ਰਸੰਗਾਂ ਦੀ ਨਿਸ਼ਾਨਦੇਹੀ ਸਿਹਤ ਦੀ ਰਾਜਨੀਤੀ, ਵਿਕਾਸ ਦੀ ਰਾਜਨੀਤੀ ਅਤੇ ਸਮਾਜਕ ਵਿਕਾਸ ਦੀ ਰਾਜਨੀਤੀ ਦੇ ਅੰਤਰਗਤ ਕੀਤੀ ਹੈ। ਲੇਖਕ ਦੀ ਖ਼ੂਬੀ ਇਹ ਹੈ ਕਿ ਰਚਨਾ-ਪਾਠ ਵਿਚੋਂ ਨਿਖੇੜੇ ਗਏ ਇਨ੍ਹਾਂ ਮੁੱਦਿਆਂ ਨੂੰ ਉਸ ਨੇ ਨਵੇਂ ਗਿਆਨ-ਸ਼ਾਸਤਰ ਦੀ ਰੌਸ਼ਨੀ ਵਿਚ ਵਾਚਦਿਆਂ ਇਨ੍ਹਾਂ ਦਾ ਭਰਪੂਰ ਵਿਸ਼ਲੇਸ਼ਣ ਤੇ ਵਿਵੇਚਨ ਕੀਤਾ ਹੈ। ਇਸਦੇ ਨਾਲ ਹੀ ਉਸ ਨੇ ਇਨ੍ਹਾਂ ਦੀ ਸਮੱਸਿਆ-ਗ੍ਰਸਤ ਸਥਿਤੀ ਵਲ ਵੀ ਸੰਕੇਤ ਕੀਤਾ ਹੈ। ਲੇਖਕ ਵਲੋਂ ਪੇਸ਼ ਕੀਤਾ ਗਿਆ ਇਹ ਵਿਸਤ੍ਰਿਤ ਵਿਸ਼ਲੇਸ਼ਣ ਸਮਾਜ-ਵਿਗਿਆਨਕ ਦ੍ਰਿਸ਼ਟੀ ਤੋਂ ਬਹੁਤ ਅਹਿਮੀਅਤ ਰੱਖਦਾ ਹੈ। ਇਹ ਗੰਭੀਰਤਾ ਨਾਲ ਵਾਚਣ ਅਤੇ ਵਿਚਾਰਨ ਦਾ ਮਸਲਾ ਹੈ। ਇਸਨੂੰ ਦੁਹਰਾਉਣ ਦੀ ਲੋੜ ਨਹੀਂ।

ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਅਮਰਜੀਤ ਸਿੰਘ ਗਰੇਵਾਲ ਦੀ ਇਹ ਪੁਸਤਕ ਕੌਰਵ ਸਭਾ ਨਾਵਲ ਦੀ ਅਜਿਹੀ ਵਿਰਚਨਾਤਮਕ ਪੜ੍ਹਤ ਉਸਾਰਦੀ ਹੈ ਜੋ ਮੋੜਵੇਂ ਰੂਪ ਵਿਚ ਸਮਕਾਲੀ ਵਿਵਸਥਾ ਦੇ ਸੰਕਟ ਨੂੰ ਸੰਬੋਧਿਤ ਹੁੰਦੀ ਹੈ। ਇਹ ਨਾਵਲੀ ਪਾਠ ਦੇ ਅਵਚੇਤਨ ਵਿਚੋਂ ਉੱਭਰਦੇ ਭਿੰਨ ਮੁੱਦਿਆਂ ਨੂੰ ਪੁਨਰ-ਸਿਰਜਿਤ ਕਰਦੀ ਹੈ। ਇਨ੍ਹਾਂ ਮੁੱਦਿਆਂ ਦਾ ਸਿੱਧਾਂਤੀਕਰਣ ਪੇਸ਼ ਕਰਨ ਵਿਚ ਇਹ ਪੁਸਤਕ ਕਿੰਨੀ ਕੁ ਸਫਲ ਹੈ ਅਤੇ ਇਨ੍ਹਾਂ ਦੇ ਵਿਵੇਕਪੂਰਣ ਸਮਾਧਾਨ ਲਈ ਇਹ ਕਿਸ ਕਿਸਮ ਦੀ ਅੰਤਰ-ਦ੍ਰਿਸ਼ਟੀ ਪ੍ਰਦਾਨ ਕਰਦੀ ਹੈ? ਇਹ ਇਕ ਖੁਲ੍ਹਾ ਪ੍ਰਸ਼ਨ ਹੈ ਜਿਸਦਾ ਨਿਰਣਾ ਵਿਸਤ੍ਰਿਤ ਵਿਚਾਰ ਚਰਚਾ ਦੀ ਮੰਗ ਕਰਦਾ ਹੈ। ਪਰ ਤਾਂ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਸਮਕਾਲੀ ਵਿਵਸਥਾ ਅਤੇ ਵਰਤਮਾਨ ਯਥਾਰਥ ਦੀ ਸੰਕਟ-

ਭਰਪੂਰ ਸਥਿਤੀ ਬਾਰੇ ਨਵੀਂ ਸਮਝ ਅਤੇ ਸੂਝ ਵਿਕਸਿਤ ਕਰਦੀ ਹੈ ਅਤੇ ਅਤਿਅੰਤ ਗੰਭੀਰ ਮਸਲੇ ਛੇੜਦੀ ਹੈ। ਇਹ ਗੱਲ ਵੀ ਕੋਈ ਘੱਟ ਮਹੱਤਵਪੂਰਣ ਨਹੀਂ।